# **ਪ੍ਰੈਸ ਨੋਟ**

ਮਾਨਯੋਗ ਸ੍ਰੀ ਨਵਨੀਤ ਸਿੰਘ ਬੈਂਸ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ (ਦਿਹਾਤੀ) ਜੀ ਵੱਲੋਂ ਚੋਰੀ ਅਤੇ ਲੁੱਟ ਖੋਹ ਕਰਨ ਵਾਲਿਆਂ ਵਿਰੁੱਧ ਮੁਹਿੰਮ ਜਾਰੀ ਕਰਕੇ ਦਿਸ਼ਾ ਨਿਰਦੇਸ਼ ਦਿੱਤੇ ਗਏ ਸਨ, ਜਿਨਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਹਰਿੰਦਰਪਾਲ ਸਿੰਘ ਪਰਮਾਰ ਕਪਤਾਨ ਪੁਲਿਸ (ਆਈ) ਲੁਧਿਆਣਾ (ਦਿਹਾਤੀ) ਅਤੇ ਸ੍ਰੀ ਰਛਪਾਲ ਸਿੰਘ ਪੀ.ਪੀ.ਐਸ. ਉਪ ਕਪਤਾਨ ਪੁਲਿਸ ਰਾਏਕੋਟ ਦੀ ਨਿਗਰਾਨੀ ਹੇਠ ਐਸ.ਆਈ ਹਰਦੀਪ ਸਿੰਘ ਮੁੱਖ ਅਫਸਰ ਥਾਣਾ ਸਦਰ ਰਾਏਕੋਟ ਨੇ ਸਮੇਤ ਪੁਲਿਸ ਪਾਰਟੀ ਲੁੱਟ ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਗਿਰੋਹ ਦੇ 04 ਮੈਂਬਰਾਂ ਰਾਜਵਿੰਦਰ ਸਿੰਘ ਉਰਫ ਸੁੱਖਾ ਪੁੱਤਰ ਮੱਖਣ ਸਿੰਘ ਵਾਸੀ ਜਲਾਲਦੀਵਾਲ, ਬੂਟਾ ਸਿੰਘ ਉਰਫ ਲਾਡੀ ਪੁੱਤਰ ਸਵਰਨ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਮਾਮਗੜ ਰੋਡ ਚੇਤਨ ਨਗਰ ਮਲੇਰਕੋਟਲਾ, ਜਸਵੰਤ ਸਿੰਘ ਉਰਫ ਗੋਰਾ ਪੁੱਤਰ ਪਰਮਜੀਤ ਸਿੰਘ ਉਰਫ ਪੰਮਾ ਵਾਸੀ ਕੁੱਸਾ ਥਾਣਾ ਬੱਧਨੀ, ਅਰਸ਼ਦੀਪ ਸਿੰਘ ਉਰਫ ਅਰਸ਼ ਪੁੱਤਰ ਜਿਊਣ ਸਿੰਘ ਵਾਸੀ ਲੰਮਾ ਜੱਟਪੁਰਾ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਿਨ੍ਹਾਂ ਦੇ ਖਿਲਾਫ ਮੁਕੱਦਮਾ ਨੰਬਰ 94 ਮਿਤੀ 11.07.2023 ਅ/ਧ 379, 411 ਭਾ/ਦੰ, 22-61-85 ਐਨ.ਡੀ.ਪੀ.ਐਸ ਐਕਟ ਥਾਣਾ ਸਦਰ ਰਾਏਕੋਟ ਅਤੇ ਮੁਕੱਦਮਾ ਨੰਬਰ 95 ਮਿਤੀ 11.07.2023 ਅ/ਧ 25-54-59 ਅਸਲਾ ਐਕਟ ਥਾਣਾ ਸਦਰ ਰਾਏਕੋਟ ਦਰਜ ਰਜਿਸਟਰ ਕੀਤਾ ਗਿਆ ਹੈ। ਉਕਤਾਨ ਦੋਸ਼ੀਆਨ ਪਾਸੋ 01 ਪਿਸਤੌਲ ਦੇਸੀ 12 ਬੋਰ (ਕੱਟਾ) ਤੇ 02 ਰੌਂਦ ਜਿੰਦਾ 12 ਬੋਰ ਅਤੇ ਇੱਕ ਚੋਰੀ ਕੀਤਾ ਮੋਟਰਸਾਈਕਲ ਮਾਰਕਾ ਹੀਰੋ ਸਪਲੈਂਡਰ PB-10-BH-6463 ਅਤੇ 400 ਖੁੱਲੀਆ ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ ਹਨ।

ਮੁਕੱਦਮਾ ਦੀ ਤਫਤੀਸ਼ ਦੌਰਾਨ ਉਕਤਾਨ ਵਿਅਕਤੀਆਂ ਨੇ ਰੋਮਿਉ ਫਿਲਿੰਗ ਸਟੇਸ਼ਨ ਪਿੰਡ ਭੈਣੀ ਬੜਿੰਗਾਂ, ਪੈਟਰੋਲ ਪੰਪ ਪਿੰਡ ਸ਼ੇਰਪੁਰ,ਕਿਸਾਨ ਸੇਵਾ ਕੇਂਦਰ ਪੰਪ ਰਸੂਲਪੁਰ, ਪੈਟਰੋਲ ਪੰਪ ਪਿੰਡ ਰਾਮਾ ਥਾਣਾ ਬੱਧਨੀ ਕਲਾਂ, ਪੈਟਰੋਲ ਪੰਮ ਨਿਹਾਲ ਸਿੰਘ ਵਾਲਾ, ਪੈਟਰੋਲ ਪੰਪ ਹਰੀ ਸਿੰਘ ਵਾਲਾ ਤੋਂ ਖੋਹ ਕਰਨਾ ਮੰਨੇ ਹਨ। ਇਸਤੋ ਇਲਾਵਾ ਇਨ੍ਹਾਂ ਵਿਅਕਤੀਆਂ ਨੇ ਪਿੰਡ ਤਲਵੰਡੀ ਰਾਏ ਵਿਖੇ ਵਿਅਕਤੀ ਪਾਸੋ 3000 ਰੁਪਏ ਅਤੇ ਮੋਬਾਇਲ ਫੋਨ ਦੀ ਖੋਹ ਕੀਤੇ ਵੀ ਮੰਨੇ ਹਨ। ਉਕਤਾ ਦੋਸ਼ੀਆਨ ਦੇ ਖਿਲਾਫ ਚੋਰੀਆਂ ਲੁੱਟ ਖੋਹ ਦੀਆਂ ਵਾਰਦਾਤਾਂ ਦੇ ਵੱਖ-ਵੱਖ ਥਾਣਿਆਂ ਵਿੱਚ ਮੁਕੱਦਮਾ ਦਰਜ ਰਜਿਸਟਰ ਹਨ, ਜਿਹਨਾਂ ਵਿੱਚੋਂ ਦੋਸ਼ੀ ਜਸਵੰਤ ਸਿੰਘ ਉਕਤ ਦੇ ਖਿ਼ਲਾਫ 02 ਮੁਕੱਦਮਾਤ, ਦੋਸ਼ੀ ਅਰਸ਼ਦੀਪ ਸਿੰਘ ਦੇ ਖਿਲਾਫ 03 ਮੁਕੱਦਮਾਤ, ਦੋਸ਼ੀ ਰਾਜਵਿੰਦਰ ਸਿੰਘ ਦੇ ਖਿਲਾਫ 01 ਮੁਕੱਮਦਾ ਅਤੇ ਦੋਸ਼ੀ ਬੂਟਾ ਸਿੰਘ ਦੇ ਖਿਲਾਫ 04 ਮੁਕੱਦਮਾਤ ਦਰਜ ਰਜਿਸਟਰ ਹਨ। ਦੋਸ਼ੀ ਜਸਵੰਤ ਸਿੰਘ ਨੇ ਆਪਣੀ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ ਉਸਨੇ ਰਾਜਸਥਾਨ ਵਿਖੇ ਇੱਕ ਕਤਲ ਕੀਤਾ ਸੀ। ਜਿਸ ਵਿੱਚ ਇਹ ਥਾਣਾ ਪੀਲੀਆਂ ਬੰਗਾ ਜਿਲਾ ਹਨੂਮਾਨਗੜ ਰਾਜਸਥਾਨ ਦੀ ਪੁਲਿਸ ਨੂੰ ਵੀ ਲੋੜੀਦਾ ਹੈ। ਉਕਤਾਨ ਦੋਸ਼ੀਆਨ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਇਹਨਾਂ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਜਿਨਾਂ ਪਾਸੋਂ ਚੋਰੀ ਅਤੇ ਲੁੱਟ ਖੋਹ ਦੀਆਂ ਹੋਰ ਵੀ ਵਾਰਦਾਤਾਂ ਟਰੇਸ ਹੋਣ ਦੀ ਸੰਭਾਵਨਾ ਹੈ।

**ਕੁੱਲ ਬ੍ਰਾਮਦਗੀ :-** 01 ਪਿਸਤੌਲ ਦੇਸੀ 12 ਬੋਰ (ਕੱਟਾ) ਤੇ 02 ਰੌਂਦ ਜਿੰਦਾ 12 ਬੋਰ ਅਤੇ ਇੱਕ ਚੋਰੀ ਦਾ ਮੋਟਰਸਾਈਕਲ ਮਾਰਕਾ ਹੀਰੋ ਸਪਲੈਂਡਰ PB 10 BH 6463 ਅਤੇ 400 ਖੁੱਲੀਆ ਨਸ਼ੀਲੀਆਂ ਗੋਲੀਆਂ।